# ਪੀਪਲਜ਼ ਪਾਰਟੀ ਆਫ ਪੰਜਾਬ ਦੀ ਪੈਦਾਇਸ਼ਃ

# ਹਾਕਮ ਟੋਲੇ ਦਾ ਲੋਕਾਂ ਵਿਚ ਇਕ ਹੋਰ ਭੁਲੇਖਾ

ਸ਼ਹੀਦ ਭਗਤ ਸਿੰਘ ਦੇ ਜੱਦੀ ਪਿੰਡ ਖਟਕੜ ਕਲਾਂ ਵਿਚ ਪੰਜਾਬ ਦੇ ਸਾਬਕਾ ਖ਼ਜ਼ਾਨਾ ਮੰਤ੍ਰੀ ਮਨਪ੍ਰੀਤ ਸਿੰਘ ਬਾਦਲ ਨੇ ਇਕ ਨਵੀਂ ਸਿਆਸੀ, ਪਾਰਟੀ ਪੀਪਲਜ਼ ਪਾਰਟੀ ਆਫ਼ ਪੰਜਾਬ, ਬਣਾਉਣ ਦਾ ਐਲਾਨ ਕੀਤਾ ਹੈ। ਪਿਛਲੇ ਕੁਝ ਅਰਸੇ ਤੋਂ ਮਨਪ੍ਰੀਤ ਸਿੰਘ ਬਾਦਲ ਪੰਜਾਬ ਦੇ ਪਿੰਡਾਂ ਸ਼ਹਿਰਾਂ ਦੇ ਦੌਰੇ ਕਰ ਰਿਹਾ ਸੀ ਅਤੇ ਕਈ ਥਾਂਵਾਂ ਤੇ ਰੈਲੀਆਂ ਅਤੇ ਜਲਸੇ ਵੀ ਕੀਤੇ ਸੀ।

ਮਨਪ੍ਰੀਤ ਸਿੰਘ ਬਾਦਲ ਪੰਜਾਬ ਦੀ ਹਾਕਮ ਪਾਰਟੀ ਅਕਾਲੀ ਦਲ ਵਲੋਂ ਅਸੈਂਬਲੀ ਦਾ ਮੈਂਬਰ ਚੁਣਿਆ ਗਿਆ ਸੀ। ਰਿਸ਼ਤੇ ਵਿਚ ਉਹ ਪ੍ਰਕਾਸ਼ ਸਿੰਘ ਬਾਦਲ ਦਾ ਭਤੀਜਾ ਹੈ ਤੇ ਬਾਦਲ ਨੇ ਹੀ ਉਹਨੂੰ ਪੰਜਾਬ ਦਾ ਖ਼ਜ਼ਾਨਾ ਮੰਤ੍ਰੀ ਬਣਾਇਆ ਸੀ। ਪਰ ਫੇਰ ਅਕਾਲੀ ਦਲ ਦੇ ਪ੍ਰਧਾਨ ਅਤੇ ਮੁੱਖ ਮੰਤ੍ਰੀ ਨਾਲ ਉਸ ਦੇ ਮੱਤ-ਭੇਦ ਹੋ ਗਏ ਤੇ ਉਸਨੂੰ ਅਕਾਲੀ ਪਾਰਟੀ ਵਿਚੋਂ ਕੱਢ ਦਿੱਤਾ ਗਿਆ। ਹੁਣ ਉਸਨੇ ਇਕ ਨਵੀਂ ਪਾਰਟੀ ਬਣਾਉਣ ਦਾ ਐਲਾਨ ਕਰ ਦਿੱਤਾ ਹੈ। ਖਟਕੜ ਕਲਾਂ ਵਿਚ ਜਦੋਂ ਉਸਨੇ ਇਹ ਐਲਾਨ ਕੀਤਾ ਤਾਂ ਉਸ ਸਮੇਂ ਉਸਦੇ ਨਾਲ ਸ਼ਹੀਦ ਭਗਤ ਸਿੰਘ ਅਤੇ ਸੁਖਦੇਵ ਦੇ ਭਤੀਜੇ ਵੀ ਮੌਜੂਦ ਸਨ। ਇਸ ਤਰ੍ਹਾਂ ਮਨਪ੍ਰੀਤ ਸਿੰਘ ਬਾਦਲ ਲੋਕਾਂ ਨੂੰ ਦੱਸਣ ਦੀ ਕੋਸ਼ਿਸ਼ ਕਰ ਰਿਹਾ ਸੀ ਕਿ ਉਹ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਵਰਗੇ ਸ਼ਹੀਦਾਂ ਤੇ ਦੇਸ਼-ਭਗਤਾਂ ਦੀਆਂ ਲੀਹਾਂ ਤੇ ਚੱਲ ਕੇ ਪੰਜਾਬੀਆਂ ਨੂੰ ਦਰਪੇਸ਼ ਮਸਲਿਆਂ ਨੂੰ ਹੱਲ ਕਰੇਗਾ। ਇਸ ਤਰ੍ਹਾਂ ਦਾ ਪ੍ਰਭਾਵ ਪੇਸ਼ ਕਰਨ ਲਈ ਹੀ ਉਸਨੇ ਭਗਤ ਸਿੰਘ ਦੇ ਸਹੀਦੀ ਦਿਹਾੜੇ ਤੇ ਵੀ ਇਕ ਰੈਲੀ ਖਟਕੜ ਕਲਾਂ ਕੀਤੀ ਸੀ ਅਤੇ ਹੁਣ ਉਸਨੇ ਉਥੋਂ ਹੀ ਆਪਣੀ ਪਾਰਟੀ ਦਾ ਐਲਾਨ ਕੀਤਾ ਹੈ।

ਪੀਪਲਜ਼ ਪਾਰਟੀ ਆਫ਼ ਪੰਜਾਬ ਦੀ ਵੈਬਸਾਈਟ ਮੁਤਾਬਿਕ ਇਸ ਪਾਰਟੀ ਦੇ ਮੁੱਖ ਟੀਚੇ ਅਤੇ ਨਿਸ਼ਾਨੇ ਕੁਝ ਇਸ ਤਰ੍ਹਾਂ ਦੇ ਹਨਃ

ਕਿ ਪਾਰਟੀ ਹਿੰਦੁਸਤਾਨ ਦੇ ਸੈਕੂਲਰ, ਸੋਸ਼ਲਿਸਟ, ਫੈਡਰਲ ਅਤੇ ਜਮਹੂਰੀ ਢਾਂਚੇ ਦੀ ਕਾਇਲ ਹੈ ਤੇ ਹਿੰਦੁਸਤਾਨ ਦੀ ਅਮਨਪੂਰਵਕ ਤੇ ਇਨਸਾਫ਼ਪਸੰਦ ਡਿਵੈਲਪਮੈਂਟ ਚਾਹੁੰਦੀ ਹੈ। ਪਾਰਟੀ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦੀ ਸ਼ਾਨ ਦੀ ਕਾਇਲ ਹੈ।

ਕਿ ਪਾਰਟੀ ਪੰਜਾਬ ਰਾਜ ਅਤੇ ਲੋਕਾਂ ਦਾ ਹਰਾਵਲ ਦਸਤਾ ਹੈ ਤੇ ਪੰਜਾਬੀਆਂ ਨੂੰ ਹਿੰਦੁਸਤਾਨ ਦੇ ਰਾਜਤੰਤ੍ਰ ਅਤੇ ਨਿਜ਼ਾਮ ਵਿਚ ਉਨ੍ਹਾਂ ਦਾ ਬਣਦਾ ਥਾਂ ਦੁਆਵੇਗੀ।

ਕਿ ਪਾਰਟੀ ਆਜ਼ਾਦੀ, ਬਰਾਬਰੀ ਅਤੇ ਭਰਾਤਰੀਪਣ ਦੀ ਬੁਨਿਆਦ ਤੇ ਸਮਾਜ ਉਸਾਰੇਗੀ ਤੇ ਜ਼ਾਤਪਾਤ, ਧਰਮ, ਲਿੰਗ ਜਾਂ ਹੋਰ ਕਿਸੇ ਵੀ ਆਧਾਰ ਤੇ ਕਿਸੇ ਨਾਲ ਵਿਤਕਰਾ ਨਹੀਂ ਕਰੇਗੀ।

ਕਿ ਪਾਰਟੀ ਦੀ ਬੁਨਿਆਦ ਸਰਬੱਤ ਦੇ ਭਲੇ ਦਾ ਅਸੂਲ ਹੋਵੇਗਾ, ਸਮਾਜੀ ਅਤੇ ਸਿਆਸੀ ਬੇਈਮਾਨੀ, ਕੁਰੱਪਸ਼ਨ ਅਤੇ ਭਾਈ ਭਤੀਜਾਵਾਦ ਖ਼ਤਮ ਕਰੇਗੀ ਤੇ ਸਭਨਾਂ ਲਈ ਤਾਲੀਮ ਅਤੇ ਸਿਹਤ ਮੁਹੱਈਆ ਕਰਾਏਗੀ।

ਕਿ ਪਾਰਟੀ ਨਸ਼ਿਆਂ ਖ਼ਿਲਾਫ਼ ਘੋਲ ਚਲਾਏਗੀ, ਵਾਤਾਵਰਣ ਦੇ ਬਚਾਉ ਲਈ ਅਤੇ ਇਸ ਨਾਲ ਸੁਰਮੇਲ ਡਿਵੈਲਪਮੈਂਟ ਕਰੇਗੀ ਅਤੇ ਪਾਰਟੀ ਪੰਜਾਬ ਵਿਚ ਅਮਨ, ਖ਼ੁਸ਼ਹਾਲੀ ਅਤੇ ਤਰੱਕੀ ਲਿਆਏਗੀ, ਆਦਿ ਆਦਿ।

ਲਗਦਾ ਹੈ ਕਿ ਮਨਪ੍ਰੀਤ ਬਾਦਲ ਨੂੰ ਪੰਜਾਬ ਦੇ ਲੋਕਾਂ ਦੀ ਸੱਧਰ ਤੇ ਤਾਂਘ ਦਾ ਪਤਾ ਹੈ ਤੇ ਪੰਜਾਬ ਦੇ ਲੋਕਾਂ ਨੂੰ ਦਰਪੇਸ਼ ਬੁਨਿਆਦੀ ਮਸਲਿਆਂ ਦਾ ਵੀ ਇਲਮ ਹੈ। ਲੋਕ ਚਾਹੁੰਦੇ ਹਨ ਕਿ ਬੇਰੁਜ਼ਗਾਰੀ, ਅਨਪੜ੍ਹਤਾ, ਕੁਰੱਪਸ਼ਨ ਤੇ ਲੁਟ ਖਸੁਟ ਬੰਦ ਹੋਵੇ ਤੇ ਉਹ ਅਮਨਚੈਨ, ਖ਼ੁਸ਼ਹਾਲੀ ਤੇ ਇਜ਼ਤ ਦੀ ਜ਼ਿੰਦਗੀ ਬਸਰ ਕਰ ਸਕਣ। ਸ਼ਹੀਦ ਭਗਤ ਸਿੰਘ ਨੇ ਆਪਣੀ ਜਾਨ ਇਹੋ ਜਿਹੇ ਨਿਜ਼ਾਮ ਲਈ ਹੀ ਵਾਰੀ ਸੀ ਜਿਥੇ ਬੰਦੇ ਹੱਥੋਂ ਬੰਦੇ ਦੀ ਲੁਟ ਬੰਦ ਹੋਵੇ। ਲੇਕਿਨ ਭਗਤ ਸਿੰਘ ਦੇ ਪਿੰਡ ਵਿਚ ਐਲਾਨੀ ਗਈ ਇਸ ਨਵੀਂ ਪਾਰਟੀ ਦੀ ਸ਼ਹੀਦ ਭਗਤ ਸਿੰਘ ਦੇ ਨਿਸ਼ਾਨਿਆਂ ਅਤੇ ਟੀਚਿਆਂ ਨਾਲ ਕੋਈ ਸਾਂਝ ਨਹੀਂ ਹੈ ਬਲਕਿ ਭਗਤ ਸਿੰਘ ਦੇ ਨਿਸ਼ਾਨਿਆਂ ਦੇ ਉਲਟ ਹੈ। ਭਗਤ ਸਿੰਘ ਹੋਰੀਂ ਤਾਂ ਲੁੱਟ ਖਸੁੱਟ ਦਾ ਰਾਜ ਖ਼ਤਮ ਕਰਨਾ ਚਾਹੁੰਦੇ ਸੀ ਪਰ ਕਾਂਗਰਸ, ਸੀ.ਪੀ.ਆਈ (ਐਮ), ਅਕਾਲੀ ਪਾਰਟੀ ਤੇ ਹੋਰ ਸਿਆਸੀ ਪਾਰਟੀਆਂ ਵਾਂਗ ਹੀ ਪੰਜਾਬ ਪੀਪਲਜ਼ ਪਾਰਟੀ ਵਾਲੇ ਵੀ ਲੁੱਟ ਖਸੁੱਟ ਵਾਲੇ ਮੌਜੂਦਾ ਨਿਜ਼ਾਮ ਨੂੰ ਹੀ ਬਰਕਰਾਰ ਰਖਣਾ ਚਾਹੁੰਦੇ ਹਨ ਤੇ ਜੇ ਗੌਰ ਕੀਤਾ ਜਾਵੇ ਤਾਂ ਇਸ ਪਾਰਟੀ ਅਤੇ ਇਸਦੇ ਨਿਸ਼ਾਨਿਆਂ ਵਿਚ ਅਤੇ ਕਾਂਗਰਸ ਪਾਰਟੀ, ਅਕਾਲੀ ਪਾਰਟੀ ਅਤੇ ਸੀ.ਪੀ.ਆਈ (ਐਮ)ਦੇ ਨਿਸ਼ਾਨਿਆਂ ਵਿਚ ਕੋਈ ਜ਼ਿਆਦਾ ਫਰਕ ਨਹੀਂ ਦਿਸਦਾ। ਇਸ ਪਾਰਟੀ ਦੇ ਨਿਸ਼ਾਨੇ ਕਾਂਗਰਸ, ਸੀ.ਪੀ.ਆਈ. ਅਤੇ

ਅਕਾਲੀ ਪਾਰਟੀ ਦੇ ਨਿਸ਼ਾਨਿਆਂ ਦਾ ਮਿਲਗੋਭਾ ਹੈ। ਉਨ੍ਹਾਂ ਪਾਰਟੀਆਂ ਵਾਂਗ ਹੀ ਇਸਦੀ ਬੁਨਿਆਦ ਵੀ ਦੋ ਸਦੀਆਂ ਪੁਰਾਣਾ ਯੂਰਪੀਅਨ ਲਿਬਰਲਜ਼ਿਮ ਅਤੇ ਸੋਸ਼ਲ ਡੈਮੋਕ੍ਰੇਸੀ ਦਾ ਫ਼ਲਸਫ਼ਾ ਹੈ।

ਇਸ ਪਾਰਟੀ ਦੀ ਪੈਦਾਇਸ਼ ਹਾਕਮ ਟੋਲੇ ਦੀ ਆਪਸੀ ਲੜਾਈ ਦੇ ਹੋਰ ਡੂੰਘੇ ਹੋਣ ਦੀ ਹੀ ਇਕ ਝਲਕ ਹੈ। ਹਾਕਮ ਟੋਲੇ ਦੇ ਸਾਰੇ ਧੜੇ ਰਾਜਤੰਤ੍ਰ ਅਤੇ ਰਿਆਸਤ ਨੂੰ ਆਪਣੇ ਮੁਫ਼ਾਦਾਂ ਲਈ ਵਰਤਣ ਖ਼ਾਤਰ ਸਿਆਸੀ ਤਾਕਤ ਆਪਣੇ ਹੱਥਾਂ ਵਿਚ ਚਾਹੁੰਦੇ ਹਨ ਇਸ ਲਈ ਉਨ੍ਹਾਂ ਦੀ ਆਪਸੀ ਲੜਾਈ ਤਿੱਖੀ ਹੋ ਰਹੀ ਹੈ। ਹੋਰਨਾਂ ਪਾਰਟੀਆਂ ਵਾਂਗ ਹੀ ਇਹ ਪਾਰਟੀ ਵੀ ਜਾਗੋ ਪੰਜਾਬ ਅਤੇ ਜੀਵੇ ਪੰਜਾਬ ਦਾ ਨਾਅਰਾ ਲਾ ਕੇ ਹਾਕਮ ਟੋਲੇ ਦਾ ਹੀ ਰਾਜ ਬਰਕਰਾਰ ਰਖਣਾ ਚਾਹੁੰਦੀ ਹੈ ਅਤੇ ਰੱਖੇਗੀ ਜਦਕਿ ਸਮੇਂ ਦੀ ਲੋੜ ਇਹ ਹੈ ਕਿ ਲੋਕਾਂ ਦੇ ਮਸਲੇ ਉਦੋਂ ਹੀ ਹੱਲ ਹੋ ਸਕਣਗੇ ਜਦੋਂ ਲੋਕ ਆਪਣਾ ਰਾਜ ਖ਼ੁਦ ਚਲਾਉਣ ਵਿਚ ਕਾਮਯਾਬ ਹੋਣਗੇ। ਮਨਪ੍ਰੀਤ ਸਿੰਘ ਬਾਦਲ ਅਤੇ ਪੀਪਲਜ਼ ਪਾਰਟੀ ਆਫ਼ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦਾ ਨਾਅਰਾ ਜ਼ਰੂਰ ਲਾ ਰਹੇ ਹਨ ਪਰ ਇਹ ਪੰਜਾਬੀ ਦਰਸ਼ਨ ਤੇ ਫ਼ਲਸਫ਼ੇ ਤੋਂ ਸੇਧ ਲੈਣ ਤੋਂ ਮੁਨਕਰ ਹਨ। ਇਹ ਯੂਰਪੀਅਨ ਲਿਬਰਲਜ਼ਿਮ ਅਤੇ ਸੋਸ਼ਲ ਡੈਮੋਕ੍ਰੇਸੀ ਦੇ ਨੇਮਾਂ ਤੋਂ ਹੀ ਸੇਧ ਲੈ ਰਹੇ ਹਨ ਕਿਉਂਕਿ ਇਹ ਫ਼ਲਸਫ਼ਾ ਤੇ ਇਸ ਸੋਚ ਤੇ ਬਣੇ ਹੋਏ ਅਦਾਰੇ ਹਾਕਮ ਟੋਲੇ ਦੀ ਲੁਟ ਦੇ ਨਿਜ਼ਾਮ ਨੂੰ ਚਲਦਾ ਰੱਖਣ ਲਈ ਬਹੁਤ ਹੀ ਮੁਫ਼ੀਦ ਹਨ।

ਪੀਪਲਜ਼ ਪਾਰਟੀ ਆਫ਼ ਪੰਜਾਬ ਦੀ ਪੈਦਾਇਸ਼ ਇਕ ਵਾਰ ਫਿਰ ਪੰਜਾਬ ਦੇ ਲੋਕਾਂ ਨੂੰ ਗੁੰਮਰਾਹ ਕਰਨ ਅਤੇ ਕੁਰਾਹੇ ਪਾਉਣ ਦੀ ਇਕ ਚਾਲ ਹੈ ਤੇ ਇਹ ਵੀ ਹਾਕਮ ਟੋਲੇ ਦੀ ਹੀ ਇਕ ਹੋਰ ਜਥੇਬੰਦੀ ਹੈ। ਇਹ ਪਾਰਟੀ ਵੀ ਤਾਕਤ ਵਿਚ ਆ ਕੇ ਉਹੀ ਕੁਝ ਕਰੇਗੀ ਜੋ ਅੱਗੇ ਹੋ ਰਿਹਾ ਹੈ। ਇਹ ਵੀ ਹਾਕਮ ਟੋਲੇ ਦਾ ਰਾਜ ਹੀ ਕਾਇਮ ਰੱਖੇਗੀ ਜਿਸ ਵਿਚ ਹਾਕਮ ਟੋਲਾ ਲੋਕਾਂ ਦੀ ਤਾਕਤ ਚੋਣਾਂ ਰਾਹੀਂ ਖੋਹ ਕੇ ਉਨ੍ਹਾਂ ਦੇ ਕੁਦਰਤੀ ਅਤੇ ਮਨੁੱਖੀ ਵਸੀਲੇ ਹਥਿਆ ਲੈਂਦਾ ਹੈ ਤੇ ਆਪਣੇ ਮੁਫ਼ਾਦ ਲਈ ਵਰਤਦਾ ਹੈ। ਹੋ ਸਕਦਾ ਹੈ ਕਿ ਆਉਣ ਵਾਲੀਆਂ ਚੋਣਾਂ ਵਿਚ ਪੀਪਲਜ਼ ਪਾਰਟੀ ਆਫ਼ ਪੰਜਾਬ ਕਾਮਯਾਬ ਹੋ ਜਾਵੇ ਕਿਉਂਕਿ ਲੋਕ ਅਕਾਲੀ ਪਾਰਟੀ  ਅਤੇ ਕਾਂਗਰਸ ਤੋਂ ਦੁਖੀ ਹਨ ਪਰ ਇਸ ਨਾਲ ਵੀ ਪੰਜਾਬ ਦੇ ਲੋਕਾਂ ਦਾ ਕੁਝ ਨਹੀਂ ਬਣਨਾ। ਪਰਨਾਲਾ ਉਥੇ ਹੀ ਵਗੇਗਾ। ਚੋਣਾਂ ਵਿਚ ਇਹ ਪਾਰਟੀ ਹੋ ਸਕਦਾ ਹੈ ਕਾਂਗਰਸ ਨਾਲ ਵੀ ਕੋਈ ਸਮਝੌਤਾ ਅੰਦਰਖਾਤੇ ਕਰ ਲਵੇ ।

ਹੋਰਨਾਂ ਪਾਰਟੀਆਂ ਵਾਂਗ ਹੀ ਇਹ ਨਵੀਂ ਪਾਰਟੀ ਲੋਕਾਂ ਨੂੰ ਦਰਪੇਸ਼ ਮਸਲਿਆਂ ਦੀ ਗੱਲ ਤਾਂ ਕਰਦੀ ਹੈ ਪਰ ਉਨ੍ਹਾਂ ਦੇ ਹੱਲ ਇਸ ਕੋਲ ਨਹੀਂ ਹਨ ਕਿਉਂਕਿ ਹਾਕਮ ਟੋਲੇ ਕੋਲ ਲੋਕਾਂ ਦੇ ਕਿਸੇ ਵੀ ਮਸਲੇ ਦਾ ਹੱਲ ਨਹੀਂ ਹੈ ਅਤੇ ਨਾ ਇਨ੍ਹਾਂ ਮਸਲਿਆਂ ਦੇ ਹੱਲ ਵਿਚ ਇਹ ਦਿਲਚਸਪੀ ਹੀ ਰੱਖਦੇ ਹਨ। ਇਹ ਪਾਰਟੀ ਵੀ ਪੰਜਾਬ ਦੀਆਂ ਹੋਰਨਾਂ ਪਾਰਟੀਆਂ ਵਾਂਗ ਹੀ ਤਾਰੀਖ਼ ਦੇ ਤਕਾਜ਼ੇ ਤੋਂ ਪਿੱਛੇ ਰਹਿ ਗਈ ਹੈ ਇਸ ਲਈ ਇਹ ਲੋਕਾਂ ਦੇ ਕਿਸੇ ਵੀ ਮਸਲੇ ਨੂੰ ਹੱਲ ਕਰਨ ਵਿਚ ਕਾਮਯਾਬ ਨਹੀਂ ਹੋ ਸਕਦੀ। ਸਿਰਫ਼ ਲੋਕ ਹੀ ਆਪਣੀ ਏਕਤਾ ਅਤੇ ਤਾਕਤ ਨਾਲ ਇਕ ਨਵੀਂ ਉਸਾਰੀ ਰਾਹੀ ਇਹ ਮਸਲੇ ਹੱਲ ਕਰ ਸਕਦੇ ਹਨ।